# 16th India-Singapore Foreign Office Consultations

August 20, 2022

# ਭਾਰਤ ਅਤੇ ਸਿੰਗਾਪੁਰ ਦੇ ਵਿਦੇਸ਼ ਦਫ਼ਤਰਾਂ ਦਰਮਿਆਨ 16ਵੇਂ ਸਲਾਹ-ਮਸ਼ਵਰੇ

**20 ਅਗਸਤ, 2022**

ਭਾਰਤ-ਸਿੰਗਾਪੁਰ ਦੇ ਵਿਦੇਸ਼ ਦਫ਼ਤਰਾਂ ਦਾ 16ਵਾਂ ਸਲਾਹ-ਮਸ਼ਵਰਾ

20 ਅਗਸਤ, 2022

1. ਭਾਰਤ ਅਤੇ ਸਿੰਗਾਪੁਰ ਦੇ ਵਿਦੇਸ਼ ਦਫ਼ਤਰਾਂ ਦਰਮਿਆਨ 16ਵੇਂ ਸਲਾਹ-ਮਸ਼ਵਰੇ 19 ਅਗਸਤ, 2022 ਨੂੰ ਸਿੰਗਾਪੁਰ ਵਿੱਚ ਹੋਏ, ਜਿਸਦੀ ਸਹਿ-ਪ੍ਰਧਾਨਗੀ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੂਰਬ) ਸੌਰਭ ਕੁਮਾਰ ਅਤੇ ਸਿੰਗਾਪੁਰ ਦੇ ਵਿਦੇਸ਼ ਮੰਤਰਾਲੇ ਦੇ ਸਥਾਈ ਸਕੱਤਰ ਸ਼੍ਰੀ ਅਲਬਰਟ ਚੂਆ ਨੇ ਕੀਤੀ।

2. FOC ਦੌਰਾਨ ਦੋਵਾਂ ਪੱਖਾਂ ਨੇ ਸਮੁੱਚੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ ਅਤੇ ਜੁੜਾਅ ਦੇ ਮੌਜੂਦਾ ਪੱਧਰ 'ਤੇ ਤਸੱਲੀ ਪ੍ਰਗਟਾਈ। ਦੋਵਾਂ ਪੱਖਾਂ ਨੇ ਸਾਂਝੇਦਾਰੀ ਦੀ ਪੂਰੀ ਸੰਭਾਵਨਾਵਾਂ ਦੀ ਪ੍ਰਾਪਤੀ ਲਈ ਦੁਵੱਲੇ ਸਿਆਸੀ ਵਟਾਂਦਰੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਵਫ਼ਦਾਂ ਨੇ ਵਪਾਰ ਅਤੇ ਨਿਵੇਸ਼, ਸਟਾਰਟਅੱਪ ਅਤੇ ਇਨੋਵੇਸ਼ਨ, ਫਿਨਟੈਕ, ਸਮਾਰਟ ਸਿਟੀਜ਼, ਬੁਨਿਆਦੀ ਢਾਂਚਾ, ਹੁਨਰ ਵਿਕਾਸ ਅਤੇ ਸੰਪਰਕ ਸਮੇਤ ਕਈ ਖੇਤਰਾਂ ਵਿੱਚ ਸਹਿਯੋਗ ਵਧਾਉਣ ਬਾਰੇ ਵੀ ਚਰਚਾ ਕੀਤੀ। ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਸਹਿਯੋਗ ਦੀ ਵੀ ਸਮੀਖਿਆ ਕੀਤੀ ਗਈ। ਦੋਵੇਂ ਪੱਖਾਂ ਨੇ ਹਾਲੀਆ ਮਹੀਨਿਆਂ ਵਿੱਚ ਭਾਰਤ ਤੋਂ ਸੈਲਾਨੀਆਂ ਦੀ ਆਮਦ ਵਿੱਚ ਹੋਏ ਵਾਧੇ ਅਤੇ ਯਾਤਰਾ ਨੂੰ ਹੋਰ ਸੁਵਿਧਾਜਨਕ ਬਣਾਉਣ ਦੀ ਲੋੜ ਦੀ ਗੱਲ ਕਹੀ। ਸਿੰਗਾਪੁਰ ਦੇ ਆਸੀਆਨ ਵਿੱਚ ਭਾਰਤ ਦੇ ਮੌਜੂਦਾ ਦੇਸ਼ ਕੋਆਰਡੀਨੇਟਰ ਹੋਣ ਦੇ ਮੱਦੇਨਜ਼ਰ ਦੋਵਾਂ ਪੱਖਾਂ ਨੇ ਭਾਰਤ-ਆਸੀਆਨ ਜੁੜਾਅ ਅਤੇ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਬਾਰੇ ਵਿਚਾਰ- ਵਟਾਂਦਰੇ ਕੀਤੇ। ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ- ਵਟਾਂਦਰੇ ਹੋਏ। ਦੋਵੇਂ ਪੱਖਾਂ ਨੇ ਭਾਰਤ-ਸਿੰਗਾਪੁਰ ਬਹੁ-ਪੱਖੀ ਸਬੰਧਾਂ ਅਤੇ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰਨ ਪ੍ਰਤੀ ਆਪਣੀ ਦ੍ਰਿੜ ਵਚਨਬੱਧਤਾ ਦੁਹਰਾਈ।

3. FOCs ਦਾ ਅਗਲਾ ਦੌਰ ਆਪਸੀ ਸਹੂਲਤ ਦੇ ਸਮੇਂ 'ਤੇ ਨਵੀਂ ਦਿੱਲੀ ਵਿੱਚ ਹੋਵੇਗਾ।

ਨਵੀਂ ਦਿੱਲੀ

19 ਅਗਸਤ, 2022

DISCLAIMER: This is an approximate translation. The original is available in English on MEA’s website and may be referred to as the official press release